**Class : IV** **Subject : Punjabi**

## ਲਿੰਗ ਬਦਲੋ :

| | | | |
|---|---|---|---|
| ਪੁੱਤਰ - ਪੁੱਤਰੀ | ਨਾਨਾ - ਨਾਨੀ | ਗੁਆਂਢੀ - ਗੁਆਂਢਣ | ਸੰਤ - ਸੰਤਣੀ |
| ਸੱਸ - ਸਹੁਰਾ | ਮੁਰਗਾ - ਮੁਰਗੀ | ਸੂਬੇਦਾਰ - ਸੂਬੇਦਾਰਨੀ | ਪਤੀ - ਪਤਨੀ |
| ਗਿੱਦੜ - ਗਿੱਦੜੀ | ਰਾਜਾ - ਰਾਣੀ | ਸ਼ੇਰ - ਸ਼ੇਰਨੀ | ਦਰਜ਼ੀ - ਦਰਜ਼ਨ |
| ਡਾਕਟਰ - ਡਾਕਟਰਾਣੀ | ਸਰਦਾਰ - ਸਰਦਾਰਨੀ | ਮਾਲਕ - ਮਾਲਕਣ | |

## ਵਚਨ ਬਦਲੋ :

| | | | |
|---|---|---|---|
| ਮੱਕੜੀ - ਮੱਕੜੀਆਂ | ਘੰਟੀ - ਘੰਟੀਆਂ | ਘੜੀ- ਘੜੀਆਂ | ਕੁਰਸੀ- ਕੁਰਸੀਆਂ |
| ਗਮਲਾ - ਗਮਲੇ | ਚਾਕੂ - ਚਾਕੂਆਂ | ਨਦੀ - ਨਦੀਆਂ | ਕਵਿਤਾ - ਕਵਿਤਾਵਾਂ |
| ਸਜਾ - ਸਜਾਵਾਂ | ਕੁੜੀ - ਕੁੜੀਆਂ | ਸਹੇਲੀ - ਸਹੇਲੀਆਂ | ਤਸਵੀਰ - ਤਸਵੀਰਾਂ |
| ਬੋਤਲ - ਬੋਤਲਾਂ | ਝੰਡੀ - ਝੰਡੀਆਂ | ਚਿੜੀ - ਚਿੜੀਆਂ | |

## ਵਿਰੋਧੀ ਸ਼ਬਦ :

| | | | |
|---|---|---|---|
| ਪਤਲਾ- ਮੋਟਾ | ਦਿਨ – ਰਾਤ | ਪੁਰਾਣੀ – ਨਵੀਂ | ਦੋਸਤ – ਦੁਸ਼ਮਣ |
| ਕਾਲ਼ਾ – ਚਿੱਟਾ | ਵਧੀਆ – ਘਟੀਆ | ਰੋਣਾ – ਹੱਸਣਾ | ਲਾਭ – ਹਾਨੀ |
| ਕੱਚਾ – ਪੱਕਾ | ਜਮੀਨ – ਅਸਮਾਨ | ਕਠੋਰ – ਨਰਮ | ਪਿਆਰ – ਨਫ਼ਰਤ |
| ਪ੍ਰਸ਼ਨ – ਉੱਤਰ | ਸਾਫ਼ – ਗੰਦਾ | ਵਰ – ਸਰਾਪ | |

## ਸਮਾਨਾਰਥਕ ਸ਼ਬਦ :

| | | | |
|---|---|---|---|
| ਅੱਖ – ਨੈਣ, ਨੇਤਰ | ਰੋਸ – ਗੁੱਸਾ, ਨਰਾਜ਼ਗੀ | ਅਜੀਬ – ਅਨੋਖਾ, ਅਦਭੁੱਤ | ਹਤਿਆਰਾ – ਕਾਤਲ, ਖ਼ੂਨੀ |
| ਭਰੋਸਾ – ਵਿਸ਼ਵਾਸ, ਯਕੀਨ | ਸੂਖਮ – ਕੋਮਲ, ਬਰੀਕ | ਮੀਂਹ – ਬਰਸਾਤ , ਵਰਖਾ | ਨੁਕਸਾਨ – ਹਾਨੀ , ਘਾਟਾ |
| ਰੱਬ – ਪ੍ਰਭੂ, ਈਸ਼ਵਰ | ਵੱਖਰਾ – ਅਲੱਗ, ਭਿੰਨ | ਹੰਝੂ – ਨੀਰ, ਅੱਥਰੂ | ਕੋਮਲ – ਮੁਲਾਇਮ, ਨਰਮ |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

| | | | |
|---|---|---|---|
| ਸਾਰਿਆਂ ਦੀ ਸਾਂਝੀ ਰਾਏ - | ਸਰਬਸੰਮਤੀ | ਜੋ ਸਕੂਲ ਵਿੱਚ ਪੜ੍ਹਦਾ ਹੈ - | ਵਿਦਿਆਰਥੀ |
| ਜੋ ਗਾਣਾ ਗਾਉਂਦਾ ਹੈ - | ਗਾਇਕ | ਕੀਤੇ ਗਏ ਸਫ਼ਰ ਬਾਰੇ ਲਿਖੀ ਕਿਤਾਬ - | ਸਫ਼ਰਨਾਮਾ |
| ਜਿਸ ਵਿਅਕਤੀ ਨੂੰ ਸਾਰੇ ਪਿਆਰ ਕਰਨ- | ਹਰਮਨ ਪਿਆਰਾ | ਜੋ ਲੋਕਾਂ ਤੇ ਜ਼ੁਲਮ ਕਰਦਾ ਹੋਵੇ - | ਜ਼ਾਲਮ |
| ਹਰ ਗੱਲ ਤੇ ਜ਼ਿੱਦ ਕਰਨ ਵਾਲਾ - | ਜ਼ਿੱਦੀ | ਜੋ ਕੱਪੜਾ ਸਿਊਂਦਾ ਹੋਵੇ - | ਦਰਜ਼ੀ |
| ਜੋ ਮੈਦਾਨ ਵਿੱਚ ਪਿੱਠ ਦਿਖਾ ਕੇ ਨੱਸ ਜਾਵੇ- | ਕਾਇਰ | ਜਿਸ ਭਾਂਡੇ ਵਿੱਚ ਦੁੱਧ ਜਮਾਇਆ ਜਾਂਦਾ ਹੋਵੇ - | ਚਾਟੀ |

## ਮੁਹਾਵਰੇ

1. ਅੱਗ ਬਬੂਲਾ ਹੋਣਾ - ਗੁੱਸੇ ਵਿੱਚ ਆਉਣਾ
ਸ਼ਾਮ ਨੂੰ ਚੋਰੀ ਕਰਦੇ ਦੇਖ ਕੇ ਉਸਦੇ ਪਿਤਾ ਜੀ ਅੱਗ ਬਬੂਲਾ ਹੋ ਗਏ।

2. ਉਸਤਾਦੀ ਕਰਨੀ - ਚਲਾਕੀ ਕਰਨੀ
ਕਮਲ ਹਰ ਇੱਕ ਨਾਲ ਉਸਤਾਦੀ ਕਰ ਜਾਂਦੀ ਹੈ।

3. ਅੱਖਾਂ ਫੇਰ ਲੈਣੀਆਂ - ਸਾਥ ਛੱਡ ਦੇਣਾ
ਸੁਆਰਥੀ ਮਿੱਤਰ ਮੁਸੀਬਤ ਸਮੇਂ ਅੱਖਾਂ ਫੇਰ ਲੈਂਦੇ ਹਨ।

4. ਦਿਨ ਰਾਤ ਇੱਕ ਕਰਨਾ - ਸਖ਼ਤ ਮਿਹਨਤ ਕਰਨਾ
ਪੇਪਰਾਂ ਵਿੱਚੋਂ ਚੰਗੇ ਨੰਬਰ ਲੈਣ ਲਈ ਵਿਦਿਆਰਥੀਆਂ ਨੂੰ ਦਿਨ ਰਾਤ ਇੱਕ ਕਰਨਾ ਪੈਂਦਾ ਹੈ।

5. ਹੋਸ਼ ਉੱਡਣਾ - ਘਬਰਾ ਜਾਣਾ
ਸ਼ੇਰ ਨੂੰ ਵੇਖ ਕੇ ਰਾਮ ਦੇ ਹੋਸ਼ ਉੱਡ ਗਏ।

6. ਅੱਖਾਂ ਦਾ ਤਾਰਾ ਹੋਣਾ - ਬਹੁਤ ਪਿਆਰਾ ਹੋਣਾ
ਰੋਹਣ ਆਪਣੀ ਮਾਂ ਦੀ ਅੱਖਾਂ ਦਾ ਤਾਰਾ ਹੈ।

7. ਕੰਡੇ ਬੀਜਣਾ - ਮੁਸ਼ਕਲਾਂ ਪੈਦਾ ਕਰਨੀਆਂ
ਸਾਨੂੰ ਕਿਸੇ ਦੇ ਰਸਤੇ ਵਿੱਚ ਕੰਡੇ ਨਹੀਂ ਬੀਜਣੇ ਚਾਹੀਦੇ।

8. ਗਲ਼ ਨਾਲ ਲਾਉਣਾ - ਪਿਆਰ ਕਰਨਾ
ਮਾਂ ਨੇ ਆਪਣੇ ਬੱਚੇ ਨੂੰ ਗਲ਼ ਨਾਲ ਲਗਾਇਆ।

9. ਜੀਅ ਭਰ ਜਾਣਾ - ਇੱਛਾ ਨਾ ਰਹਿਣੀ
ਲੰਮੀ ਬਿਮਾਰੀ ਕਾਰਨ ਉਸ ਦਾ ਜ਼ਿੰਦਗੀ ਤੋਂ ਜੀਅ ਭਰ ਗਿਆ।

10. ਜਾਨ ਸੁੱਕਣਾ - ਸਹਿਮ ਜਾਣਾ
ਐਕਸੀਡੈਂਟ ਦੀ ਖ਼ਬਰ ਸੁਣ ਕੇ ਉਸ ਦੀ ਜਾਨ ਸੁੱਕ ਗਈ।

## ਪੜਨਾਂਵ

**ਪਰਿਭਾਸ਼ਾ** – ਜਿਹੜੇ ਸ਼ਬਦ ਨਾਂਵ ਦੀ ਥਾਂ ਤੇ ਵਰਤੇ ਜਾਣ ਉਹਨਾਂ ਨੂੰ ਪੜਨਾਂਵ ਕਹਿੰਦੇ ਹਨ। ਜਿਵੇਂ – ਮੈਂ , ਤੁਸੀ, ਉਹ ਕੌਣ ਆਦਿ। ਪੜਨਾਂਵ ਛੇ ਪ੍ਰਕਾਰ ਦੇ ਹੁੰਦੇ ਹਨ।

**1. ਪੁਰਖ ਵਾਚਕ ਪੜਨਾਂਵ** – ਉਹ ਸ਼ਬਦ ਜੋ ਕਿਸੇ ਪੁਰਖ ਦੀ ਥਾਂ ਤੇ ਵਰਤੇ ਜਾਂਦੇ ਹਨ ਉਹਨਾਂ ਨੂੰ ਪੁਰਖ ਵਾਚਕ ਪੜਨਾਂਵ ਕਹਿੰਦੇ ਹਨ। ਜਿਵੇਂ - ਮੈਂ, ਅਸੀਂ, ਉਹ

**2. ਨਿੱਜਵਾਚਕ ਪੜਨਾਂਵ** – ਉਹ ਸ਼ਬਦ ਜੋ ਕਰਤਾ ਦੇ ਨਾਲ ਆ ਕੇ ਉਸਦੀ ਵਿਸ਼ੇਸ਼ਤਾ ਦੱਸੇ, ਉਸਨੂੰ ਨਿੱਜਵਾਚਕ ਪੜਨਾਂਵ ਆਖਦੇ ਹਨ।ਜਿਵੇਂ – ਆਪ, ਆਪਣਾ, ਆਪਸ

**3. ਸੰਬੰਧਵਾਚਕ ਪੜਨਾਂਵ** – ਉਹ ਸ਼ਬਦ ਜੋ ਪੜਨਾਂਵ ਵੀ ਹੋਣ ਅਤੇ ਯੋਜਕ ਵਾਂਗ ਦੋ ਵਾਕਾਂ ਨੂੰ ਵੀ ਜੋੜਨ, ਉਹ ਸੰਬੰਧਵਾਚਕ ਪੜਨਾਂਵ ਹੁੰਦੇ ਹਨ।ਜਿਵੇਂ – ਜਿਹੜੇ, ਜੋ, ਸੋ

**4.ਪ੍ਰਸ਼ਨਵਾਚਕ ਪੜਨਾਂਵ** – ਉਹ ਸ਼ਬਦ ਜੋ ਪੜਨਾਂਵ ਵੀ ਹੋਣ ਅਤੇ ਉਹਨਾਂ ਦੁਆਰਾ ਪ੍ਰਸ਼ਨ ਵੀ ਪੁੱਛਿਆ ਜਾਵੇ, ਉਹਨਾਂ ਨੂੰ ਪ੍ਰਸ਼ਨਵਾਚਕ ਪੜਨਾਂਵ ਆਖਦੇ ਹਨ।ਜਿਵੇਂ-ਕੌਣ, ਕਿਹੜਾ ,ਕੀ

**5.ਨਿਸਚੇਵਾਚਕ ਪੜਨਾਂਵ** – ਉਹ ਸ਼ਬਦ ਜੋ ਨੇੜੇ ਪਈਆਂ ਚੀਜ਼ਾਂ ਵੱਲ ਇਸ਼ਾਰਾ ਕਰਨ, ਉਹ ਨਿਸਚੇਵਾਚਕ ਪੜਨਾਂਵ ਹੁੰਦੇ ਹਨ।ਜਿਵੇਂ – ਉਹ, ਇਹ, ਆਹ

**6. ਅਨਿਸਚੇਵਾਚਕ ਪੜਨਾਂਵ** – ਉਹ ਸ਼ਬਦ ਜੋ ਕਿਸੇ ਚੀਜ਼ ਦਾ ਅੰਦਾਜ਼ਾ ਤਾਂ ਦੱਸਣ ਪਰ ਪੂਰੀ ਗਿਣਤੀ ਨਾ ਦੱਸਣ , ਉਹ ਅਨਿਸਚੇਵਾਚਕ ਪੜਨਾਂਵ ਹੁੰਦੇ ਹਨ। ਜਿਵੇਂ – ਸਭ, ਕਈ, ਬਹੁਤ

1. **ਠੀਕ ਉੱਤਰ ਦੇ ਸਾਹਮਣੇ (√) ਦਾ ਨਿਸ਼ਾਨ ਲਗਾਉ :**

(ੳ) ਪੜਨਾਂਵ ਕਿੰਨੀ ਕਿਸਮ ਦੇ ਹੁੰਦੇ ਹਨ?

ਤਿੰਨ ☐ ਪੰਜ ☐ ਛੇ ☐ ਅੱਠ ☐

(ਅ) ਪੜਨਾਂਵ ਹੋਣ ਦੇ ਨਾਲ -ਨਾਲ ਜਿਹਨਾਂ ਰਾਹੀਂ ਕੁਝ ਪੁੱਛਿਆ ਵੀ ਜਾਵੇ, ਉਹਨਾਂ ਸ਼ਬਦਾਂ ਨੂੰ ਕੀ ਕਹਿੰਦੇ ਹਨ?

ਸੰਬੰਧ-ਵਾਚਕ ਪੜਨਾਂਵ ☐ ਪ੍ਰਸ਼ਨ-ਵਾਚਕ ਪੜਨਾਂਵ ☐
ਨਿੱਜ-ਵਾਚਕ ਪੜਨਾਂਵ ☐ ਨਿਸਚੇ-ਵਾਚਕ ਪੜਨਾਂਵ ☐

2. ਖ਼ਾਲੀ ਥਾਂਵਾਂ ਭਰੋ :

| ਸੰਬੰਧ-ਵਾਚਕ, ਅਨਿਸਚੇ-ਵਾਚਕ, ਪੁਰਖ-ਵਾਚਕ, ਪੜਨਾਂਵ |
|---|

(ੳ) ਨਾਂਵ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ ______________ ਕਹਾਉਂਦੇ ਹਨ ।

(ਅ) ਕੇਵਲ ਪੁਰਖਾਂ ਦੇ ਨਾਵਾਂ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦਾਂ ਨੂੰ ______________ ਕਹਿੰਦੇ ਹਨ।

(ੲ) ਜੋ, ਜਿਹੜਾ , ਜਿਸਨੇ ਆਦਿ ______________ ਪੜਨਾਂਵ ਹਨ।

(ਸ) ਸਭ, ਸਾਰੇ , ਕੁਝ ਆਦਿ ______________ ਪੜਨਾਂਵ ਹਨ।

3. ਹੇਠਾਂ ਦਿੱਤੇ ਵਾਕਾਂ ਵਿੱਚ ਠੀਕ ਵਾਕ ਅੱਗੇ (√) ਅਤੇ ਗ਼ਲਤ ਵਾਕ ਅੱਗੇ (×) ਦਾ ਨਿਸ਼ਾਨ ਲਗਾਉ :

(ੳ) ਪੜਨਾਂਵ ਛੇ ਪ੍ਰਕਾਰ ਦੇ ਹੁੰਦੇ ਹਨ। ☐

(ਅ) ਮੈ, ਸਾਨੂੰ , ਤੁਹਾਡਾ ਆਦਿ ਪੁਰਖ-ਵਾਚਕ ਪੜਨਾਂਵ ਹਨ। ☐

(ੲ) ਕਿਸਨੇ , ਕੌਣ , ਕਿਹੜਾ ਆਦਿ ਨਿੱਜ-ਵਾਚਕ ਪੜਨਾਂਵ ਹਨ। ☐

(ਸ) ਉਹ, ਇਹ, ਉਸ ਆਦਿ ਨਿਸਚੇ ਵਾਚਕ ਪੜਨਾਂਵ ਹਨ। ☐

4. ਪੜਨਾਂਵ ਸ਼ਬਦ ਉੱਤੇ ਗੋਲਾ ਲਗਾਉ :

(ੳ) ਮੈਂ ਆਪ ਰੋਟੀ ਬਣਾਈ ।
(ਅ) ਤੁਸੀਂ ਰੋਟੀ ਖਾ ਲਓ ।
(ੲ) ਕਿਸਨੇ ਸੱਪ ਵੇਖਿਆ ?
(ਸ) ਜੈਸੀ ਕਰਨੀ, ਵੈਸੀ ਭਰਨੀ ।
(ਹ) ਸਾਰੇ ਫ਼ਿਲਮ ਵੇਖਣ ਗਏ ਹਨ।

## ਪਾਠ – 9 : ਕੇਲੇ ਦਾ ਛਿਲਕਾ

### ਨਵੇਂ ਸ਼ਬਦ :

| | | | | |
|---|---|---|---|---|
| 1. ਬਜ਼ਾਰ | 2. ਰੇਹੜੀ | 3. ਅਹਿਸਾਸ | 4. ਸੜਕ | 5. ਛਿਲਕੇ |
| 6. ਬਾਂਹ | 7. ਮੂਰਖ | 8. ਕੂੜਾਦਾਨ | 9. ਵਿਚਕਾਰ | 10. ਗ਼ਲਤੀ |
| 11. ਦਰਦ | 12. ਕਰਾਹੁੰਦੇ | 13. ਪਰੇਸ਼ਾਨ | 14. ਵਾਅਦਾ | 15. ਅਹਿਸਾਸ |

### ਸ਼ਬਦ – ਅਰਥ

1. ਫਟਾ-ਫਟ = ਜਲਦੀ-ਜਲਦੀ
2. ਕਰਾਹੁੰਣਾ = ਪੀੜ ਨਾਲ਼ ਤੜਫਣਾ
3. ਫਿਸਲ ਕੇ = ਤਿਲਕ ਕੇ
4. ਦਰਦ = ਪੀੜ
5. ਪਰੇਸ਼ਾਨ = ਦੁਖੀ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ – ਉੱਤਰ :

**ਪ੍ਰ.1** ਰੋਹਣ ਨੇ ਕਿਹੋ ਜਿਹੇ ਕੇਲੇ ਲੈ ਕੇ ਖਾਧੇ?
**ਉ.** ਰੋਹਣ ਨੇ ਪੀਲ਼ੇ-ਪੀਲ਼ੇ ਕੇਲੇ ਲੈ ਕੇ ਖਾਧੇ।

ਪ੍ਰ.2 ਰੋਹਣ ਕੇਲੇ ਦੇ ਛਿਲਕੇ ਕਿੱਥੇ ਸੁੱਟੀ ਜਾ ਰਿਹਾ ਸੀ?
ਉ. ਰੋਹਣ ਕੇਲੇ ਦੇ ਛਿਲਕੇ ਸੜਕ ਦੇ ਵਿਚਕਾਰ ਸੁੱਟੀ ਜਾ ਰਿਹਾ ਸੀ।

ਪ੍ਰ.3 ਰੋਹਣ ਦੇ ਦਾਦਾ ਜੀ ਕਿਵੇਂ ਡਿੱਗੇ?
ਉ. ਰੋਹਣ ਦੇ ਦਾਦਾ ਜੀ ਕੇਲੇ ਦੇ ਛਿਲਕੇ ਤੋਂ ਫਿਸਲ ਕੇ ਡਿੱਗੇ।

ਪ੍ਰ.4 ਰੋਹਣ ਦੇ ਦਾਦਾ ਜੀ ਦੇ ਕਿੱਥੇ ਸੱਟ ਲੱਗੀ ਸੀ?
ਉ. ਰੋਹਣ ਦੇ ਦਾਦਾ ਜੀ ਦੇ ਬਾਂਹ ਦੀ ਹੱਡੀ ਟੁੱਟ ਗਈ ਸੀ।

ਸ. ਪ੍ਰਸ਼ਨ - ਉੱਤਰ :

ਪ੍ਰ.1 ਰੋਹਣ ਨੇ ਕੀ ਦੇਖਿਆ? ਉਸਨੂੰ ਦੇਖ ਕੇ ਉਸ ਤੇ ਕੀ ਅਸਰ ਹੋਇਆ?
ਉ. ਰੋਹਣ ਨੇ ਪੀਲ਼ੇ-ਪੀਲ਼ੇ ਕੇਲੇ ਦੇਖੇ, ਉਸਨੂੰ ਦੇਖ ਕੇ ਉਸ ਦੇ ਮੂੰਹ ਵਿੱਚ ਪਾਣੀ ਆ ਗਿਆ।

ਪ੍ਰ.2 ਰੋਹਣ ਨੇ ਦਾਦਾ ਜੀ ਤੋਂ ਮਾਫ਼ੀ ਮੰਗਦਿਆਂ ਕੀ ਕਿਹਾ?
ਉ. ਰੋਹਣ ਨੇ ਕਿਹਾ ਕਿ ਉਹ ਛਿਲਕੇ ਕਦੀ ਸੜਕ ਦੇ ਵਿਚਕਾਰ ਨਹੀਂ ਸੁੱਟੇਗਾ ।

ਪ੍ਰ.3 ਰੋਹਣ ਨੇ ਦਾਦਾ ਜੀ ਨਾਲ ਕੀ ਵਾਅਦਾ ਕੀਤਾ?
ਉ. ਰੋਹਣ ਨੇ ਵਾਅਦਾ ਕੀਤਾ ਕਿ ਉਹ ਭਵਿੱਖ ਵਿੱਚ ਕੋਈ ਵੀ ਅਜਿਹਾ ਕੰਮ ਨਹੀਂ ਕਰੇਗਾ, ਜਿਸ ਨਾਲ ਦੂਜੇ ਪਰੇਸ਼ਾਨ ਹੋਣ ।

## ਪੁਸਤਕ ਅਭਿਆਸ : (ਪੰਨਾ ਨੰ. : 60 - 63)

ਅ. ਬਹੁ-ਵਿਕਲਪੀ ਪ੍ਰਸ਼ਨ : 1. ਰੇਹੜੀ ਤੋਂ 2. ਵਿਚਕਾਰ 3. ਰੋਹਣ ਦੇ ਦਾਦਾ 4. ਮੂਰਖ 5. ਦੋਵੇਂ ਕੰਨ

ਹ. ਕਿਸਨੇ, ਕਿਸ ਨੂੰ ਕਹੇ : 1. ਰੋਹਣਪ੍ਰੀਤ ਦੇ ਦਾਦਾ ਜੀ ਨੇ, ਛਿਲਕੇ ਸੁੱਟਣ ਵਾਲੇ ਨੂੰ
2. ਰੋਹਣ ਪ੍ਰੀਤ ਨੇ - ਆਪਣੇ ਦਾਦਾ ਜੀ ਨੂੰ

## ਸ਼ਬਦਾਂ ਨਾਲ ਖੇਡੋ:

ੳ) ਵਾਕਾਂ ਵਿੱਚ ਵਰਤੋਂ : ਆਪਣੇ ਆਪ ਕਰੋ ।

## ਵਿਆਕਰਨ:

ਅ) ਠੀਕ ਸ਼ਬਦ : 1. ਛਿਲਕੇ 2. ਪਿਆਰ 3. ਵਿਚਕਾਰ

ਗ਼ਲਤ ਸ਼ਬਦਾਂ ਦੇ ਠੀਕ ਰੂਪ ਲਿਖੋ 1. ਮੂਰਖ 2. ਜੱਫ਼ੀ 3. ਫਿਸਲ

ੲ) ਵਾਕਾਂ ਵਿੱਚੋਂ ਇੱਕਠਵਾਚਕ ਨਾਂਵ ਲੱਭ ਕੇ ਲਿਖੋ:
1. ਜਮਾਤ 2. ਸੈਨਾ 3. ਸੰਗਤ 4. ਟੀਮ 5. ਪੰਛੀਆਂ ਦੀ ਡਾਰ

## ਸ) ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।

# ਪਾਠ - 11 : ਵੱਸਦੇ ਰਹੋ, ਉੱਜੜ ਜਾਓ

## ਨਵੇਂ ਸ਼ਬਦ:

| | | | | |
|---|---|---|---|---|
| 1. ਉਦਾਸੀਆਂ | 2. ਕੀਰਤਨ | 3. ਨਿਹਾਲ | 4. ਪਿੰਡ | 5. ਅਪਮਾਨ |
| 6. ਅਸ਼ੀਰਵਾਦ | 7. ਹੈਰਾਨੀ | 8. ਸੇਵਾ | 9. ਬੁਰਾਈ | 10. ਰਵੱਈਏ |
| 11.ਧਿਆਨ | 12. ਡੇਰਾ | 13. ਕੁਰਬਾਨ | 14. ਦਲੀਲ | 15. ਸਲੂਕ |

## ਸ਼ਬਦ - ਅਰਥ

1. ਉੱਧਾਰ = ਕਲਿਆਣ
2. ਨਿਹਾਲ ਕਰਨਾ = ਖ਼ੁਸ਼ ਕਰਨਾ
3. ਉਦਾਸੀਆਂ = ਯਾਤਰਾਵਾਂ
4. ਵਾਜਬ = ਸਹੀ
5. ਰਵੱਈਏ = ਵਿਵਹਾਰ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ. ਪ੍ਰਸ਼ਨ - ਉੱਤਰ :

ਪ੍ਰ1. ਬਾਬਾ ਨਾਨਕ ਜੀ ਨੇ ਉਦਾਸੀਆਂ ਕਿਉਂ ਕੀਤੀਆਂ?
ਉ. ਬਾਬਾ ਨਾਨਕ ਜੀ ਨੇ ਲੋਕਾਂ ਦੇ ਉੱਧਾਰ ਲਈ ਉਦਾਸੀਆਂ ਕੀਤੀਆਂ।

ਪ੍ਰ2. ਬਾਬਾ ਜੀ ਕੀ ਕਰ ਕੇ ਲੋਕਾਂ ਨੂੰ ਨਿਹਾਲ ਕਰਦੇ ਸਨ ?
ਉ. ਬਾਬਾ ਜੀ ਕੀਰਤਨ ਕਰ ਕੇ ਲੋਕਾਂ ਨੂੰ ਨਿਹਾਲ ਕਰਦੇ ਸਨ ।

ਪ੍ਰ3. ਬਾਬਾ ਜੀ ਨੇ ਪਹਿਲੇ ਪਿੰਡ ਵਾਲਿਆਂ ਨੂੰ ਅਸ਼ੀਰਵਾਦ ਦਿੰਦਿਆਂ ਕੀ ਕਿਹਾ?
ਉ. ਬਾਬਾ ਜੀ ਨੇ ਪਹਿਲੇ ਪਿੰਡ ਵਾਲਿਆਂ ਨੂੰ ਕਿਹਾ - ਉੱਜੜ ਜਾਓ ।

ਪ੍ਰ4. ਬਾਬਾ ਜੀ ਦੀ ਅਨੋਖੀ ਅਸੀਸ ਸੁਣ ਕੇ ਮਰਦਾਨੇ ‘ਤੇ ਕੀ ਅਸਰ ਹੋਇਆ ਸੀ ?
ਉ. ਮਰਦਾਨਾ ਉਹਨਾਂ ਦੀ ਸੋਚ ਤੋਂ ਕੁਰਬਾਨ ਹੋ ਗਿਆ।

## ਸ. ਪ੍ਰਸ਼ਨ - ਉੱਤਰ :

ਪ੍ਰ.1 ਬਾਬਾ ਨਾਨਕ ਜੀ ਦੇ ਸਾਥੀ ਕੌਣ-ਕੌਣ ਸਨ ਤੇ ਉਹ ਕੀ ਕਰਦੇ ਸਨ?
ਉ. ਬਾਬਾ ਨਾਨਕ ਜੀ ਦੇ ਸਾਥੀ ਬਾਲਾ ਅਤੇ ਮਰਦਾਨਾ ਸਨ।ਮਰਦਾਨਾ ਰਬਾਬ ਵਜਾਉਂਦਾ ਸੀ।

ਪ੍ਰ.2 ਪਹਿਲੇ ਪਿੰਡ ਵਾਲਿਆਂ ਨੇ ਬਾਬਾ ਜੀ ਦੀ ਆE-ਭਗਤ ਕਿਵੇਂ ਕੀਤੀ?
ਉ. ਪਹਿਲੇ ਪਿੰਡ ਵਾਲੇ ਕੀਰਤਨ ਸੁਣਕੇ ਬਾਬਾ ਜੀ ਨੂੰ ਦੂਰ ਤੱਕ ਛੱਡ ਕੇ ਆਏ।

ਪ੍ਰ.3 ਦੂਜੇ ਪਿੰਡ ਵਾਲਿਆਂ ਨੇ ਬਾਬਾ ਜੀ ਨਾਲ ਕਿਹੜਾ ਬੁਰਾ ਸਲੂਕ ਕੀਤਾ?
ਉ. ਦੂਜੇ ਪਿੰਡ ਵਾਲਿਆਂ ਨੇ ਕੀਰਤਨ ਨਾ ਸੁਣਿਆਂ ਤੇ ਨੱਕ-ਬੁੱਲ੍ਹ ਵੱਟਦੇ ਉੱਥੋਂ ਲੰਘ ਗਏ।

ਪ੍ਰ.4 ਬਾਬਾ ਜੀ ਨੇ ਦੂਜੇ ਪਿੰਡ ਵਾਲਿਆਂ ਨੂੰ ‘ਵੱਸਦੇ ਰਹੋ’ ਕਿਉਂ ਕਿਹਾ ਸੀ?
ਉ. ਬਾਬਾ ਜੀ ਨੇ ਉਹਨਾਂ ਨੂੰ ਵੱਸਦੇ ਰਹੋ ਕਿਹਾ ਕਿਉਂਕਿ ਉਹ ਬੁਰੇ ਲੋਕ ਸਨ, ਉਹ ਖਿਲਰਨੇ ਨਹੀਂ ਚਾਹੀਦੇ।

## ਪੁਸਤਕ ਅਭਿਆਸ : (ਪੰਨਾ ਨੰ. : 72 - 75)

ਅ) ਬਹੁ-ਵਿਕਲਪੀ ਪ੍ਰਸ਼ਨ : 1. ਰਬਾਬ 2. ਬਹੁਤ ਵਧੀਆ 3. ਵੱਸਦੇ ਰਹੋ 4. ਮੁਸਕਰਾ ਪਏ

ਹ) ਖ਼ਾਲੀ ਥਾਵਾਂ ਭਰੋ : 1. ਰਬਾਬ 2. ਕੀਰਤਨ 3. ਉੱਜੜ 4. ਵੱਸਦੇ 5. ਨੇਕੀ

ਕ) ਠੀਕ ਅਤੇ ਗ਼ਲਤ : 1) × 2) ✓ 3) × 4) ✓ 5) ✓

## ਸ਼ਬਦਾਂ ਨਾਲ ਖੇਡੋ:

ੳ) ਵਾਕਾਂ ਵਿੱਚ ਵਰਤੋਂ : ਆਪਣੇ ਆਪ ਕਰੋ ।

## ਵਿਆਕਰਨ:

ਅ) ਹੇਠਾਂ ਲਿਖੇ ਵਿਰੋਧੀ ਸ਼ਬਦਾਂ ਤੇ ਗੋਲਾ ਲਗਾਉ:

1. ਸ਼ਾਮ 2. ਸ਼ਹਿਰ 3. ਕੌੜਾ 4. ਰੱਜਿਆ 5. ਵੱਸਣਾ 6. ਨੇੜੇ

## ੲ) ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।

# ਪਾਠ - 12 : ਅੰਮ੍ਰਿਤਸਰ ਦੀ ਸੈਰ

## ਨਵੇਂ ਸ਼ਬਦ :

| | | | | |
|---|---|---|---|---|
| 1. ਅੰਮ੍ਰਿਤਸਰ | 2. ਸ਼ਹਿਰ | 3. ਇਸ਼ਨਾਨ | 4. ਸ਼ਹੀਦਾਂ | 5. ਪ੍ਰਣਾਮ |
| 6. ਮਾਹੌਲ | 7. ਸਿਪਾਹੀ | 8. ਹੈਰਾਨੀ | 9. ਸਟੇਸ਼ਨਾਂ | 10. ਹਰਿਮੰਦਰ ਸਾਹਿਬ |
| 11. ਨਿਹਾਲ | 12. ਸਰੋਵਰ | 13. ਪ੍ਰਸ਼ਾਦ | 14. ਤਰੱਕੀ | 15. ਜਹਾਜ਼ |

**ਸ਼ਬਦ - ਅਰਥ**

1. ਮੋਹਰਲੀ = ਅਗਲੀ  2. ਇਸ਼ਨਾਨ ਕਰਨਾ = ਨਹਾਉਣਾ  3. ਨਾਜ਼ ਹੋਣਾ = ਮਾਣ ਹੋਣਾ
4. ਇੰਤਜ਼ਾਰ = ਉਡੀਕ  5. ਜਾਂਬਾਜ਼ੀ = ਬਹਾਦਰੀ

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।**

**ੲ) ਪ੍ਰਸ਼ਨ - ਉੱਤਰ :**

**ਪ੍ਰ1. ਕੀ ਸੁਣ ਕੇ ਕਰਨ ਖ਼ੁਸ਼ ਹੋ ਗਿਆ?**
ਉ. ਅੰਮ੍ਰਿਤਸਰ ਜਾਣ ਦੀ ਗੱਲ ਸੁਣ ਕੇ ਕਰਨ ਖ਼ੁਸ਼ ਹੋ ਗਿਆ ।

**ਪ੍ਰ2. ਵਾਘਾ ਬਾਰਡਰ ਵਿਖੇ ਉਹਨਾਂ ਨੇ ਕਿਹੜੀ ਸੈਰਾਮਨੀ ਹੁੰਦੀ ਵੇਖੀ?**
ਉ. ਵਾਘਾ ਬਾਰਡਰ ਵਿਖੇ ਉਹਨਾਂ ਨੇ ਰੀਟ੍ਰੀਟ ਸੈਰਾਮਨੀ ਹੁੰਦੀ ਵੇਖੀ।

**ਪ੍ਰ3. ਸੜਕ ਦੇ ਵਿਚਕਾਰ ਬੱਸਾਂ ਕਿੱਥੋਂ ਕਿੱਧਰ ਨੂੰ ਚੱਲ ਰਹੀਆਂ ਸਨ?**
ਉ. ਸੜਕ ਦੇ ਵਿਚਕਾਰ ਬੱਸਾਂ ਅੰਮ੍ਰਿਤਸਰ ਤੋਂ ਵਾਘਾ ਬਾਰਡਰ ਵੱਲ ਨੂੰ ਚੱਲ ਰਹੀਆਂ ਸਨ।

**ਸ. ਪ੍ਰਸ਼ਨ - ਉੱਤਰ :**

**ਪ੍ਰ1. ਪਾਪਾ ਨੇ ਕਰਨ ਨੂੰ ਅੰਮ੍ਰਿਤਸਰ ਵਿਖੇ ਵੇਖਣ ਵਾਲੀਆਂ ਕਿਹੜੀਆਂ ਥਾਵਾਂ ਬਾਰੇ ਦੱਸਿਆ?**
ਉ. ਪਾਪਾ ਨੇ ਕਰਨ ਨੂੰ ਅੰਮ੍ਰਿਤਸਰ ਵਿਖੇ ਜੱਲ੍ਹਿਆਂਵਾਲਾ ਬਾਗ਼, ਦੁਰਗਿਆਣਾ ਮੰਦਰ, ਵਾਘਾ ਬਾਰਡਰ, ਹਵਾਈ ਅੱਡੇ ਬਾਰੇ ਦੱਸਿਆ ।

**ਪ੍ਰ2. ਸ੍ਰੀ ਹਰਿਮੰਦਰ ਸਾਹਿਬ ਵਿਖੇ ਉਹਨਾਂ ਨੇ ਕੀ-ਕੀ ਕੀਤਾ?**
ਉ. ਸ੍ਰੀ ਹਰਿਮੰਦਰ ਸਾਹਿਬ ਵਿਖੇ ਉਹਨਾਂ ਨੇ ਸਰੋਵਰ ਵਿੱਚ ਇਸ਼ਨਾਨ ਕੀਤਾ, ਦਰਬਾਰ ਸਾਹਿਬ ਦੇ ਦਰਸ਼ਨ ਕੀਤੇ, ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾਈ, ਲੰਗਰ ਛਕਿਆ, ਦੁੱਖ ਭੰਜਨੀ ਬੇਰੀ ਅੱਗੇ ਮੱਥਾ ਟੇਕਿਆ।

**ਪ੍ਰ3. ਵਾਘਾ ਬਾਰਡਰ ਵਿਖੇ ਉਹਨਾਂ ਨੇ ਕੀ-ਕੀ ਦੇਖਿਆ?**
ਉ. ਵਾਘਾ ਬਾਰਡਰ ਵਿਖੇ ਰੀਟ੍ਰੀਟ ਸੈਰਾਮਨੀ, ਲੰਮੇ-ਲੰਮੇ ਕੱਦ ਦੇ ਸਿਪਾਹੀ ਵੇਖੇ।

**ਪ੍ਰ4. ਹਵਾਈ ਅੱਡੇ ਵੱਲ ਜਾ ਕੇ ਉਹਨਾਂ ਨੇ ਕੀ-ਕੀ ਦੇਖਿਆ?**
ਉ. ਹਵਾਈ ਅੱਡੇ ਵੱਲ ਜਾ ਕੇ ਉਹਨਾਂ ਨੇ ਹਵਾਈ ਜਹਾਜ਼ ਦੇਖੇ।

**ਪੁਸਤਕ ਅਭਿਆਸ : (ਪੰਨਾ ਨੰ. : 78-81 )**

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਕੱਲ੍ਹ ਐਤਵਾਰ ਨੂੰ 2) ਕਾਰ ਰਾਹੀਂ 3) ਸਰੋਵਰ ਵਿੱਚ 4) ਦੇਸ਼-ਭਗਤੀ ਦਾ

ਹ) ਖ਼ਾਲੀ ਥਾਵਾਂ ਭਰੋ : 1) ਇੰਤਜ਼ਾਰ 2) ਮੋਹਰਲੀ 3) ਸਾਫ਼-ਸੁਥਰਾ 4) ਸਿਰ 5) ਸਰਾਂ

**ਸ਼ਬਦਾਂ ਨਾਲ ਖੇਡੋ:**

ੳ) ਵਾਕਾਂ ਵਿੱਚ ਵਰਤੋਂ : ਆਪਣੇ ਆਪ ਕਰੋ।

**ਵਿਆਕਰਨ:**

**ਅ) ਖ਼ਾਲੀ ਥਾਂ ਭਰੋ :** 1. ਉਸ 2. ਅਸੀਂ 3. ਉਹਨਾਂ 4. ਉਸ

ੲ) ਲਕੀਰ ਖਿੱਚੋ: 1. ਮੈਂ 2. ਅਸੀਂ 4. ਤੁਹਾਡਾ

ਸ) ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।
ਹ) ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ : ਆਪਣੇ ਆਪ ਕਰੋ।

# ਪਾਠ - 14 : ਜ਼ਾਲਮ ਕਿਸਮ ਦਾ ਰਾਜਾ

## ਨਵੇਂ ਸ਼ਬਦ :

| | | | | |
|---|---|---|---|---|
| 1. ਮੂਰਤੀਆਂ | 2. ਪ੍ਰਹਿਲਾਦ | 3. ਭਗਵਾਨ | 4. ਇਨਸਾਨ | 5. ਪਹਾੜ |
| 6. ਗੁੱਸੇ | 7. ਹਰਨਾਖਸ਼ | 8. ਤਲਵਾਰ | 9. ਅਜੀਬ | 10. ਭਗਤ |
| 11. ਵਿਸ਼ਨੂੰ | 12. ਵਰਦਾਨ | 13. ਵਿਗਾੜ | 14. ਗੋਦੀ | 15. ਜੱਫ਼ੀ |

## ਸ਼ਬਦ - ਅਰਥ

| | | |
|---|---|---|
| 1. ਜ਼ਾਲਮ = ਨਿਰਦਈ | 2. ਯਤਨ = ਕੋਸ਼ਿਸ਼ | 3. ਅਜੀਬ = ਅਨੋਖੀ |
| 4. ਦਲੇਰੀ = ਬਹਾਦਰੀ | 5. ਤਪਦੇ = ਸੜਦੇ | |

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ) ਪ੍ਰਸ਼ਨ - ਉੱਤਰ :

**ਪ੍ਰ.1 ਹਰਨਾਖਸ਼ ਆਪਣੇ ਆਪ ਨੂੰ ਕੀ ਸਮਝਦਾ ਸੀ?**
ਉ. ਹਰਨਾਖਸ਼ ਆਪਣੇ ਆਪ ਨੂੰ ਰੱਬ ਸਮਝਦਾ ਸੀ।

**ਪ੍ਰ.2 ਪ੍ਰਹਿਲਾਦ ਕਿਸ ਨੂੰ ਭਗਵਾਨ ਸਮਝਦਾ ਸੀ?**
ਉ. ਪ੍ਰਹਿਲਾਦ ਵਿਸ਼ਨੂੰ ਜੀ ਨੂੰ ਭਗਵਾਨ ਸਮਝਦਾ ਸੀ।

**ਪ੍ਰ.3 ਹਰਨਾਖਸ਼ ਨੇ ਪ੍ਰਹਿਲਾਦ ਨੂੰ ਕਿੱਥੋਂ ਸੁੱਟਵਾ ਕੇ ਮਰਵਾਉਣ ਦੀ ਕੋਸ਼ਿਸ਼ ਕੀਤੀ ?**
ਉ. ਹਰਨਾਖਸ਼ ਨੇ ਪ੍ਰਹਿਲਾਦ ਨੂੰ ਪਹਾੜ ਤੋਂ ਸੁੱਟਵਾ ਕੇ ਮਰਵਾਉਣ ਦੀ ਕੋਸ਼ਿਸ਼ ਕੀਤੀ।

## ਸ. ਪ੍ਰਸ਼ਨ - ਉੱਤਰ :

**ਪ੍ਰ.1 ਹਰਨਾਖਸ਼ ਕਿਹੋ ਜਿਹਾ ਰਾਜਾ ਸੀ ਤੇ ਉਹ ਕੀ ਚਾਹੁੰਦਾ ਸੀ?**
ਉ. ਹਰਨਾਖਸ਼ ਜ਼ਾਲਮ ਕਿਸਮ ਦਾ ਰਾਜਾ ਸੀ ਤੇ ਉਹ ਚਾਹੁੰਦਾ ਸੀ ਕਿ ਲੋਕ ਉਸ ਨੂੰ ਰੱਬ ਸਮਝ ਕੇ ਉਸਦੀ ਪੂਜਾ ਕਰਨ।

**ਪ੍ਰ.2 ਪ੍ਰਹਿਲਾਦ ਨੇ ਹਰਨਾਖਸ਼ ਨੂੰ ਕੀ ਕਿਹਾ?**
ਉ. ਪ੍ਰਹਿਲਾਦ ਨੇ ਹਰਨਾਖਸ਼ ਨੂੰ ਕਿਹਾ ਕਿ ਮੈਂ ਇੱਕ ਇਨਸਾਨ ਦੀ ਪੂਜਾ ਨਹੀ ਕਰ ਸਕਦਾ।

**ਪ੍ਰ.3 ਹੋਲਿਕਾ ਨੂੰ ਕੀ ਵਰਦਾਨ ਪ੍ਰਾਪਤ ਸੀ ਤੇ ਉਸ ਨਾਲ ਕੀ ਵਾਪਰੀ?**
ਉ. ਹੋਲਿਕਾ ਨੂੰ ਵਰਦਾਨ ਪ੍ਰਾਪਤ ਸੀ ਕਿ ਅੱਗ ਉਸਦਾ ਕੁਝ ਨਹੀਂ ਵਿਗਾੜ ਸਕਦੀ ਪਰ ਉਹ ਅੱਗ ਵਿੱਚ ਸੜ ਕੇ ਸੁਆਹ ਹੋ ਗਈ।

## ਪੁਸਤਕ ਅਭਿਆਸ : (ਪੰਨਾ ਨੰ. : 92-95)

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਜ਼ਾਲਮ 2) ਹਰਨਾਖਸ਼ ਦੀ 3) ਅੱਗ 4) ਕੀੜੀ

**ਹ) ਖ਼ਾਲੀ ਥਾਵਾਂ ਭਰੋ :** 1) ਰੱਬ 2) ਅੱਗ 3) ਕੀੜੀ 4) ਇਨਸਾਨ

**ਕ) ਠੀਕ ਅਤੇ ਗ਼ਲਤ :** 1) × 2) × 3) ✓ 4) ✓ 5) ×

## ਸ਼ਬਦਾਂ ਨਾਲ ਖੇਡੋ:

**ੳ) ਵਾਕਾਂ ਵਿੱਚ ਵਰਤੋ :** ਆਪਣੇ ਆਪ ਕਰੋ।

## ਵਿਆਕਰਨ :

**ਅ) ਖ਼ਾਲੀ ਥਾਵਾਂ ਭਰੋ :** 1. ਜ਼ਾਲਮ 2. ਦਲੇਰ 3. ਚੰਗੇ 4. ਗਿੱਲੇ

**ੲ) ਵਾਕ ਪੂਰੇ ਕਰੋ :** 1. ਮਿੱਠਾ 2. ਕੌੜੀ 3. ਚਾਰ 4. ਜ਼ਾਲਮ

ਸ) ਤੁਹਾਡੀ ਕਲਮ ਤੋਂ: ਆਪਣੇ-ਆਪ ਕਰੋ।

ਹ) ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ : ਆਪਣੇ ਆਪ ਕਰੋ।

## ਪਾਠ - 15 : ਬਾਗ਼ਾਂ ਦਾ ਮੇਲਾ

### ਨਵੇਂ ਸ਼ਬਦ :

| | | | | |
|---|---|---|---|---|
| 1. ਚੰਡੀਗੜ੍ਹ | 2. ਮੁਕਾਬਲਾ | 3. ਬਾਗ਼ਾਂ | 4. ਪ੍ਰਸਿੱਧੀ | 5. ਰੋਜ਼-ਗਾਰਡਨ |
| 6. ਦੁਕਾਨਾਂ | 7. ਮਨੋਰੰਜਨ | 8. ਬੱਚਿਆਂ | 9. ਗੁਲਾਬ | 10. ਤਿਆਰੀ |
| 11. ਹਿੱਸਾ | 12. ਕਾਰਟੂਨ | 13. ਅਵਾਜ਼ | 14. ਭੈਣਾਂ | 15. ਵਿਸ਼ੇਸ਼ |

### ਸ਼ਬਦ - ਅਰਥ

1. ਸ਼ੌਕੀਨ = ਸ਼ੌਕ ਰੱਖਣ ਵਾਲੇ
2. ਭਾਂਤ-ਭਾਂਤ ਦੇ = ਅਲੱਗ-ਅਲੱਗ ਕਿਸਮਾਂ ਦੇ
3. ਅਸਮਾਨ ਨਾਲ ਗੱਲਾਂ ਕਰਨੀਆਂ = ਬਹੁਤ ਉੱਚੇ ਹੋਣਾ
4. ਬਾਗ਼ = ਬਗ਼ੀਚਾ
5. ਖ਼ੁਸ਼ = ਪ੍ਰਸੰਨ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ - ਉੱਤਰ :

**ਪ੍ਰ1. ਪਾਪਾ ਨੇ ਬੇਟੀਆਂ ਨੂੰ ਕਿਹੜੇ ਮੇਲੇ ‘ਤੇ ਲਿਜਾਣ ਲਈ ਕਿਹਾ?**
ਉ. ਪਾਪਾ ਨੇ ਬੇਟੀਆਂ ਨੂੰ ਬਾਗ਼ਾਂ ਦੇ ਮੇਲੇ ਤੇ ਲਿਜਾਣ ਲਈ ਕਿਹਾ।

**ਪ੍ਰ2. ਮੇਲੇ ਵਿੱਚ ਲੋਕ ਕੀ-ਕੀ ਲੈ ਕੇ ਆਉਂਦੇ ਹਨ?**
ਉ. ਮੇਲੇ ਵਿੱਚ ਲੋਕ ਆਪਣੇ ਉਗਾਏ ਫੁੱਲ ਬੂਟੇ ਲੈ ਕੇ ਆਉਂਦੇ ਹਨ।

**ਪ੍ਰ3. ਅੱਜ-ਕੱਲ੍ਹ ਬਾਗ਼ਾਂ ਦਾ ਮੇਲਾ ਚੰਡੀਗੜ੍ਹ ਦੇ ਕਿਸ ਸਥਾਨ ‘ਤੇ ਲੱਗਦਾ ਹੈ?**
ਉ. ਅੱਜ-ਕੱਲ੍ਹ ਬਾਗ਼ਾਂ ਦਾ ਮੇਲਾ ਚੰਡੀਗੜ੍ਹ ਦੇ ਰੋਜ਼ ਗਾਰਡਨ ਦੇ ਬਾਹਰ ਦੀਆਂ ਸੜਕਾਂ ‘ਤੇ ਲੱਗਦਾ ਹੈ ।

**ਪ੍ਰ.4 ਬੇਬੀ-ਸ਼ੋਅ ਵਿੱਚ ਕੀ-ਕੀ ਹੁੰਦਾ ਹੈ?**
ਉ. ਬੇਬੀ-ਸ਼ੋਅ ਵਿੱਚ ਬੱਚੇ ਚਿੱਤਰ, ਕਾਰਟੂਨ ਬਣਾਉਂਦੇ ਹਨ।

**ਪ੍ਰ.5 ਉਹਨਾਂ ਨੇ ਗੁਲਾਬ ਦੇ ਫੁੱਲਾਂ ਦੀ ਕਿਹੜੀ ਅਨੋਖੀ ਗੱਲ ਦੇਖੀ ?**
ਉ. ਉਹਨਾਂ ਨੇ ਗੁਲਾਬ ਦੇ ਫੁੱਲਾਂ ਦੇ ਕਈ ਰੰਗ ਦੇਖੇ।

### ਸ) ਪ੍ਰਸ਼ਨ - ਉੱਤਰ :

**ਪ੍ਰ1. ਮੇਲੇ ਦਾ ਨਾਂ ‘ਬਾਗ਼ਾਂ ਦਾ ਮੇਲਾ’ ਕਿਉਂ ਪਿਆ?**
ਉ. ਮੇਲੇ ਦੇ ਵਿੱਚ ਫੁੱਲ-ਬੂਟਿਆਂ ਦਾ ਮੁਕਾਬਲਾ ਹੋਣ ਕਰਕੇ ਇਸਦਾ ਨਾਂ ਬਾਗ਼ਾਂ ਦਾ ਮੇਲਾ ਪਿਆ।

**ਪ੍ਰ2. ਮੇਲੇ ਵਿੱਚ ਚੰਡੀਗੜ੍ਹ ਦੇ ਲੋਕ ਕੀ-ਕੀ ਕਰਦੇ ਹਨ?**
ਉ. ਮੇਲੇ ਦੇ ਵਿੱਚ ਲੋਕ ਆਪਣੇ ਉਗਾਏ ਫੁੱਲ-ਬੂਟੇ ਲੈ ਕੇ ਆਉਂਦੇ ਹਨ।

**ਪ੍ਰ3. ਅੱਜ-ਕੱਲ੍ਹ ਇਹ ਮੇਲਾ ਰੋਜ਼-ਗਾਰਡਨ ਦੇ ਬਾਹਰ ਕਿਉਂ ਲੱਗਦਾ ਹੈ?**
ਉ. ਜ਼ਿਆਦਾ ਪ੍ਰਸਿੱਧੀ ਹੋਣ ਕਰਕੇ ਇਹ ਮੇਲਾ ਰੋਜ਼-ਗਾਰਡਨ ਦੇ ਬਾਹਰ ਸੜਕਾਂ ਤੇ ਲੱਗਦਾ ਹੈ।

**ਪ੍ਰ4. ਮੇਲੇ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਕੀ-ਕੀ ਹੁੰਦਾ ਹੈ?**
ਉ. ਮੇਲੇ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਪੰਘੂੜੇ ਲੱਗੇ ਹੁੰਦੇ ਹਨ । ਬੱਚੇ ਚਿੱਤਰ, ਕਾਰਟੂਨ ਬਣਾਉਂਦੇ ਹਨ ਤੇ ਬੇਬੀ ਸ਼ੋਅ ਵੀ ਕਰਵਾਇਆ ਜਾਂਦਾ ਹੈ।

**ਪੁਸਤਕ ਅਭਿਆਸ : (ਪੰਨਾ ਨੰ. : 98 - 101)**

ਅ) ਬਹੁ-ਵਿਕਲਪੀ ਪ੍ਰਸ਼ਨ : 1) ਚੰਡੀਗੜ੍ਹ 2) ਫੁੱਲ-ਬੂਟਿਆਂ ਦੇ 3) ਰੋਜ਼-ਗਾਰਡਨ ਵਿਖੇ 4) ਗੁਲਾਬੀ 5) ਚਿੱਤਰਕਾਰੀ ਦੇ

ੲ) ਖ਼ਾਲੀ ਥਾਵਾਂ ਭਰੋ: 1. ਚੰਡੀਗੜ੍ਹ 2. ਫੁੱਲ-ਬੂਟੇ 3. ਰੋਜ਼ ਗਾਰਡਨ 4. ਪੰਘੂੜੇ 5. ਗੁਲਾਬੀ

**ਸ਼ਬਦਾਂ ਨਾਲ਼ ਖੇਡੋ :**

ੳ)ਵਾਕਾਂ ਵਿੱਚ ਵਰਤੋਂ : ਆਪਣੇ ਆਪ ਕਰੋ:

ਅ)ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ: मेला, Fair बगीचा, Garden गुलाब, Rose फूल, Flower पौधे, Plants

**ਵਿਆਕਰਨ**

ੲ) ਵਿਸਰਾਮ ਚਿੰਨ੍ਹਾਂ ਦੇ ਚਿੰਨ ਲਿਖੋ :ੳ) " " ਅ) ( ) ੲ) ; ਸ) - ਹ) : ਕ) ?

**ਸ) ਤੁਹਾਡੀ ਕਲਮ ਤੋਂ : ਆਪਣੇ ਆਪ ਕਰੋ:**

**ਹ) ਆਰਟ ਵਿਧੀ ਰਾਹੀ ਭਾਸ਼ਾ ਵਿਸਥਾਰ : ਆਪਣੇ ਆਪ ਕਰੋ।**

## ਪਾਠ - 16 : ਇਕੱਠ-ਲੋਹੇ ਦੀ ਲੱਠ

**ਨਵੇਂ ਸ਼ਬਦ :**

| | | | | |
|---|---|---|---|---|
| 1. ਫ਼ਾਲਤੂ | 2. ਭੰਗ ਦੇ ਭਾੜੇ | 3. ਐਸ਼ | 4. ਗੱਠਾ | 5. ਉਜੱੜਦੇ |
| 6. ਨੁਕਸਾਨ | 7. ਇਕੱਠ | 8. ਤਾਕਤ | 9. ਲੱਕੜੀਆਂ | 10. ਬਹਾਦਰੀ |
| 11. ਪੁੱਤਰ | 12. ਦਿਮਾਗ਼ | 13. ਜ਼ਮੀਨ | 14. ਮਿਹਨਤ | 15. ਧਿਆਨ |

**ਸ਼ਬਦ - ਅਰਥ**

1. ਫ਼ਾਲਤੂ = ਵਾਧੂ 2. ਐਸ਼ = ਮਜ਼ਾ 3. ਉੱਜੜਦੇ = ਤਬਾਹ ਹੁੰਦੇ 4. ਇਕੱਠ = ਏਕਤਾ
5. ਭੰਗ ਦੇ ਭਾੜੇ = ਫ਼ਜ਼ੂਲ

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।**

**ੲ) ਪ੍ਰਸ਼ਨ - ਉੱਤਰ :**

ਪ੍ਰ1. ਕਿਸਾਨ ਦੇ ਪੁੱਤਰ ਕੀ ਕਰਦੇ ਰਹਿੰਦੇ ਸਨ?
ਉ. ਕਿਸਾਨ ਦੇ ਪੁੱਤਰ ਆਪਸ ਵਿੱਚ ਲੜਦੇ-ਝਗੜਦੇ ਰਹਿੰਦੇ ਸਨ।

ਪ੍ਰ2. ਕਿਸਾਨ ਨੇ ਜਾਇਦਾਦ ਕਿਵੇਂ ਬਣਾਈ ਸੀ?
ਉ. ਕਿਸਾਨ ਨੇ ਜਾਇਦਾਦ ਬੜੀ ਮਿਹਨਤ ਨਾਲ ਬਣਾਈ ਸੀ।

ਪ੍ਰ3. ਪੁੱਤਰਾਂ ਕੋਲੋਂ ਕਿਹੜੀਆਂ ਲੱਕੜੀਆਂ ਨਾ ਟੁੱਟੀਆਂ?
ਉ. ਪੁੱਤਰਾਂ ਕੋਲੋਂ ਗੱਠੇ ਵਾਲੀਆਂ ਲੱਕੜੀਆਂ ਨਾ ਟੁੱਟੀਆਂ ।

ਪ੍ਰ.4 ਜੋ ਲੋਕ ਇਕੱਠੇ ਰਹਿੰਦੇ ਹਨ, ਉਹਨਾਂ ਨੂੰ ਨੁਕਸਾਨ ਕਿਉਂ ਨਹੀਂ ਹੋ ਸਕਦਾ?
ਉ. ਕਿਉਂਕਿ ਇਕੱਠ ਵਿੱਚ ਬੜੀ ਤਾਕਤ ਹੁੰਦੀ ਹੈ।

**ਸ) ਪ੍ਰਸ਼ਨ - ਉੱਤਰ :**

ਪ੍ਰ1. ਕਿਸਾਨ ਦੁਖੀ ਕਿਉਂ ਰਹਿੰਦਾ ਸੀ?
ਉ. ਕਿਸਾਨ ਪੁੱਤਰਾਂ ਦੇ ਲੜਾਈ ਝਗੜੇ ਤੋਂ ਦੁਖੀ ਰਹਿੰਦਾ ਸੀ।

**ਪ੍ਰ.2. ਪੁੱਤਰ ਕਿਸਾਨ ਨਾਲ ਕਿਹੋ ਜਿਹਾ ਵਰਤਾਓ ਕਰਦੇ ਸਨ?**
ਉ. ਪੁੱਤਰ ਕਿਸਾਨ ਨਾਲ ਭੈੜਾ ਵਰਤਾਓ ਕਰਦੇ ਸਨ।

**ਪ੍ਰ.3 ਕਿਸਾਨ ਨੇ ਕੀ ਕੀਤਾ, ਜੋ ਪੁੱਤਰ ਪੂਰਾ ਨਹੀਂ ਕਰ ਸਕੇ?**
ਉ. ਕਿਸਾਨ ਨੇ ਲੱਕੜੀਆਂ ਦਾ ਗੱਠਾ ਬਣਾ ਦਿੱਤਾ, ਜੋ ਪੁੱਤਰ ਤੋੜ ਨਾ ਸਕੇ।

**ਪ੍ਰ.4 ਪੁੱਤਰਾਂ ਨੂੰ ਕਿਸ ਗੱਲ ਦੀ ਸਮਝ ਆ ਗਈ ਸੀ?**
ਉ. ਪੁੱਤਰਾਂ ਨੂੰ ਇਕੱਠੇ ਮਿਲ-ਜੁਲ ਕੇ ਰਹਿਣ ਦੀ ਗੱਲ ਸਮਝ ਆ ਗਈ ਸੀ।

## ਪੁਸਤਕ ਅਭਿਆਸ : (ਪੰਨਾ ਨੰ. : 105-108)

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਚਾਰ 2) ਲੜਦੇ ਰਹਿੰਦੇ ਸਨ 3) ਮਿਹਨਤ ਨਾਲ਼ 4) ਪਤਲੀਆਂ

**ਹ) ਖ਼ਾਲੀ ਥਾਵਾਂ ਭਰੋ:** 1. ਲੜਦੇ-ਝਗੜਦੇ 2. ਵਿਵਹਾਰ 3. ਗੱਠੇ 4. ’ਕੱਲੇ-’ਕੱਲੇ 5. ਇਕੱਠੇ

**ਕ) ਕਿਸ ਨੇ ਕਿਸ ਨੂੰ ਕਹੇ -** 1) ਕਿਸਾਨ ਨੇ, ਪੁੱਤਰਾਂ ਨੂੰ 2) ਦੂਜੇ ਪੁੱਤਰ ਨੇ, ਕਿਸਾਨ ਨੂੰ 3) ਪੁੱਤਰ ਨੇ, ਕਿਸਾਨ ਨੂੰ

**ਸ਼ਬਦਾਂ ਨਾਲ਼ ਖੇਡੋ :**
**ੳ) ਵਾਕਾਂ ਵਿੱਚ ਵਰਤੋਂ :** ਆਪਣੇ ਆਪ ਕਰੋ:

## ਵਿਆਕਰਨ

**ਅ) ਵਿਸਰਾਮ ਚਿੰਨ੍ਹਾਂ ਦੀ ਵਰਤੋਂ ਕਰਕੇ ਵਾਕ ਦੁਬਾਰਾ ਲਿਖੋ:**
1) ਬਾਪੂ, ਕੀ ਗੱਲ ਆ, ਤੂੰ ਸਾਨੂੰ ਬੁਲਾਇਆ ਹੈ?
2) ਪੁੱਤਰੋ, ਆਓ ਮੇਰੇ ਕੋਲ਼ ਬੈਠੋ।
3) ਅੱਛਾ, ਥੋੜ੍ਹਾ ਰੁਕੋ।
4) ਬਾਪੂ, ਇਹ ਤਾਂ ਇੰਜ ਹੀ ਚੱਲਣਾ ਹੈ।

**ਸ) ਤੁਹਾਡੀ ਕਲਮ ਤੋਂ:** ਆਪਣੇ ਆਪ ਕਰੋ:

**ਹ) ਆਰਟ ਵਿਧੀ ਰਾਹੀਂ ਭਾਸ਼ਾ ਵਿਸਥਾਰ :** ਆਪਣੇ ਆਪ ਕਰੋ।

## ਅਰਜ਼ੀ / ਪੱਤਰ

**ਆਪਣੇ ਜਮਾਤ ਅਧਿਆਪਕਾ ਜੀ ਨੂੰ ਸੀਟ ਬਦਲਣ ਲਈ ਬਿਨੈ-ਪੱਤਰ ਲਿਖੋ।**

ਸੇਵਾ ਵਿਖੇ
ਜਮਾਤ ਅਧਿਆਪਕਾ ਜੀ,
ਮਦਰ ਟੀਚਰ ਸਕੂਲ,
ਬਰਨਾਲਾ।

ਵਿਸ਼ਾ - ਸੀਟ ਬਦਲਣ ਲਈ ਬਿਨੈ-ਪੱਤਰ।
ਸ਼੍ਰੀ ਮਤੀ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੀ ਚੌਥੀ ਜਮਾਤ ਦਾ ਵਿਦਿਆਰਥੀ ਹਾਂ / ਦੀ ਵਿਦਿਆਰਥਣ ਹਾਂ।ਮੇਰੀ ਸੀਟ ਜਮਾਤ ਵਿੱਚ ਸਭ ਤੋਂ ਪਿਛਲੇ ਬੈਂਚ ਤੇ ਹੈ।ਮੇਰੀ ਨਜ਼ਰ ਕਮਜ਼ੋਰ ਹੋਣ ਕਰਕੇ ਡਾਕਟਰ ਨੇ ਮੈਨੂੰ ਅੱਗੇ ਬੈਠਣ ਦੀ ਹਦਾਇਤ ਦਿੱਤੀ ਹੈ।ਕਿਰਪਾ ਕਰਕੇ ਮੇਰੀ ਸੀਟ ਬਦਲ ਕੇ ਪਹਿਲੇ ਬੈਂਚ ਤੇ ਕਰ ਦਿੱਤੀ ਜਾਵੇ।

ਮੈਂ ਆਪ ਜੀ ਦਾ / ਦੀ ਅਤਿ ਧੰਨਵਾਦੀ ਹੋਵਾਂਗਾ / ਹੋਵਾਂਗੀ।

ਆਪ ਜੀ ਦਾ / ਦੀ ਆਗਿਆਕਾਰੀ,
ਨਾਮ - ________________,
ਰੋਲ ਨੰਬਰ : ____________,
ਜਮਾਤ : ਚੌਥੀ।

ਮਿਤੀ : ______________________________

ਜਨਮ ਦਿਨ ਤੇ ਤੋਹਫ਼ਾ ਭੇਜਣ ਲਈ ਚਾਚਾ ਜੀ ਨੂੰ ਧੰਨਵਾਦ ਪੱਤਰ ਲਿਖੋ।

ਪ੍ਰੀਖਿਆ ਭਵਨ,
ਬਰਨਾਲਾ।
ਮਿਤੀ : ____________

ਸਤਿਕਾਰ ਯੋਗ ਚਾਚਾ ਜੀ,
ਸਤਿ ਸ਼੍ਰੀ ਅਕਾਲ।
ਤੁਸੀਂ ਮੈਨੂੰ ਪਿਛਲੇ ਸਾਲ ਆਖਿਆ ਸੀ ਕਿ ਮੈਂ ਤੈਨੂੰ ਅਗਲੇ ਜਨਮ ਦਿਨ ਉੱਤੇ ਕੰਪਿਊਟਰ ਲੈ ਕੇ ਦੇਵਾਂਗਾ।ਤੁਸੀਂ ਆਪਣਾ ਵਾਅਦਾ ਪੂਰਾ ਕੀਤਾ ਹੈ ਕਿਉਂਕਿ ਮੈਨੂੰ ਕੱਲ੍ਹ ਜਨਮ ਦਿਨ ਉੱਪਰ ਤੁਹਾਡੇ ਵੱਲੋਂ ਭੇਜਿਆ ਐੱਪਲ ਦਾ ਕੰਪਿਊਟਰ ਮਿਲ ਗਿਆ ਹੈ। ਇਸ ਤੋਹਫ਼ੇ ਲਈ ਮੈਂ ਤੁਹਾਡਾ ਦਿਲੋਂ ਧੰਨਵਾਦ ਕਰਦਾ/ਕਰਦੀ ਹਾਂ।
ਚਾਚੀ ਜੀ ਨੂੰ ਸਤਿ ਸ਼੍ਰੀ ਅਕਾਲ।

ਤੁਹਾਡਾ ਭਤੀਜਾ / ਤੁਹਾਡੀ ਭਤੀਜੀ,
______________।

## ਕਹਾਣੀ - ਹਾਥੀ ਤੇ ਦਰਜ਼ੀ

ਬਹੁਤ ਪਹਿਲਾਂ ਦੀ ਗੱਲ ਹੈ। ਇੱਕ ਜੰਗਲ ਵਿੱਚ ਹਾਥੀ ਰਹਿੰਦਾ ਸੀ। ਹਾਥੀ ਹਰ ਰੋਜ਼ ਨਦੀ ਤੇ ਪਾਣੀ ਪੀਣ ਜਾਂਦਾ ਸੀ। ਦਰਜ਼ੀ ਆਪਣੀ ਦੁਕਾਨ ਵਿੱਚ ਕੱਪੜੇ ਸਿਉਣ ਦਾ ਕੰਮ ਕਰਦਾ ਸੀ। ਰਾਜੇ ਦਾ ਹਾਥੀ ਨਦੀ ਤੇ ਹਰ ਰੋਜ਼ ਇਸ਼ਨਾਨ ਕਰਨ ਸਮੇਂ ਦਰਜ਼ੀ ਦੀ ਦੁਕਾਨ ਤੇ ਜ਼ਰੂਰ ਰੁੱਕਦਾ ਹੁੰਦਾ ਸੀ। ਦਰਜ਼ੀ ਉਸ ਨੂੰ ਖਾਣ ਲਈ ਕੁਝ ਨਾ ਕੁਝ ਦਿੰਦਾ ਸੀ। ਜਿਸ ਕਰਕੇ ਦੋਵਾਂ ਦੀ ਦੋਸਤੀ ਹੋ ਗਈ। ਇੱਕ ਦਿਨ ਦਰਜ਼ੀ ਖਿਝਿਆ ਬੈਠਾ ਸੀ ਉਸ ਨੇ ਹਾਥੀ ਦੀ ਸੁੰਡ ਤੇ ਸੂਈ ਚੁਭੋ ਦਿੱਤੀ। ਹਾਥੀ ਨੂੰ ਗੁੱਸਾ ਆਇਆ ਉਹ ਆਪਣੀ ਸੁੰਡ ਵਿੱਚ ਗੰਦਾ ਪਾਣੀ ਭਰ ਲਿਆਇਆ।ਪਾਣੀ ਲਿਆ ਕੇ ਦਰਜ਼ੀ ਦੀ ਦੁਕਾਨ ਵਿੱਚ ਸੁੱਟ ਦਿੱਤਾ। ਉਸ ਦੇ ਸਾਰੇ ਨਵੇਂ ਕੱਪੜੇ ਖ਼ਰਾਬ ਹੋ ਗਏ। ਦਰਜ਼ੀ ਨੂੰ ਆਪਣੀ ਗ਼ਲਤੀ ਤੇ ਪਛਤਾਵਾ ਹੋਇਆ।
**ਸਿੱਟਾ:- ਜੈਸਾ ਕਰਨਾ, ਵੈਸਾ ਭਰਨਾ।**